Sylvia BISHOP and TEAM DELTA

"ਡੈਲਟਾ ਕੌਂਸਲ ਨੇ ਕੰਪੋਸਟਿੰਗ ਪਲਾਂਟ ਜਾਂ ਬਦਬੂ 'ਤੇ ਜਨਤਾ ਦੇ ਮਸ਼ਵਰੇ ਦਾ ਵਿਰੋਧ ਕੀਤਾ-ਇਸਦੇ ਸਬੂਤ ਕਿੱਥੇ ਹਨ"?-ਕੈਂਪਬੈੱਲ ਨੇ ਕਿਹਾ

18 ਸਤੰਬਰ, 2018- ਡੈਲਟਾ ,ਬੀ.ਸੀ.- 19 ਸਾਲ ਤੋਂ ਡੈਲਟਾ ਸਿਟੀ ਕੌਂਸਲਰ ਰਾਬਰਟ ਕੈਂਪਬੈੱਲ ਨੇ ਅੱਜ ਕਿਹਾ ਕਿ ਸਾਬਕਾ ਸਿਟੀ ਮੈਨੇਜਰ ਜਾਰਜ ਹਾਰਵੀ ਨੂੰ ਉਹਨਾਂ ਸਬੂਤਾਂ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ,ਜਿਹੜੇ ਉਹਨਾਂ ਦੇ ਦਾਅਵਿਆਂ ਨੂੰ ਸਾਬਤ ਕਰ ਸਕਣ ਕਿ 2013 ਵਿੱਚ ਕੌਂਸਲ ਨੇ ਉਹਨਾਂ ਨੂੰ ਆਦੇਸ਼ ਦਿੱਤਾ ਸੀ ਕਿ ਲੈਡਨਰ ਸਥਿਤ ਇਨਵਾਇਰੋ-ਸਮਾਰਟ ਕੰਪੋਸਟਿੰਗ ਫੈਸਲਿਟੀ ਲਈ ਜ਼ਰੂਰੀ ਲਾਇੰਸੈਂਸ ਅਤੇ ਪਰਮਿਟ 'ਤੇ ਲੋਕਾਂ ਦੀ ਫੀਡਬੈਕ ਦੀ ਖਿਲਾਫਤ ਕਰਨ।

ਰਿਟਾਇਰਡ ਵਕੀਲ ਕੈਂਪਬੈੱਲ ਨੇ ਕਿਹਾ, " ਮੈਨੂੰ ਪਿਛਲੇ ਹਫਤੇ ਬੜੀ ਹੈਰਾਨੀ ਹੋਈ ਜਦੋਂ ਮਿਸਟਰ ਹਾਰਵੀ ਨੇ ਕਿਹਾ ਕਿ ਪੰਜ ਸਾਲ ਪਹਿਲਾਂ ਇਨਵਾਇਰੋ-ਸਮਾਰਟ ਦੀ ਤਰਫਦਾਰੀ ਉਹਨਾਂ ਨੇ ਚੁਣੇ ਗਏ ਅਧਿਕਾਰੀਆਂ ਦੇ ਆਦੇਸ਼ ਤੇ ਕੀਤੀ ਸੀ-ਖਾਸ ਕਰਕੇ ਲੋਕਾਂ ਦੀ ਫੀਡਬੈਕ ਨਾ ਲੈਣ ਦਾ ਉਹਨਾਂ ਦਾ ਫੈਸਲਾ। "

ਉਹਨਾਂ ਨੇ ਕਿਹਾ,"ਡੈਲਟਾ ਸਟਾਫ ਨੂੰ ਅਜਿਹੇ ਕਿਸੇ ਵੀ ਆਦੇਸ਼ ਦੇ ਸਬੂਤ ਨਹੀਂ ਮਿਲੇ, ਮੈਂ ਖ਼ੁਦ ਵੀ ਅਜਿਹੇ ਸਬੂਤਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਅਤੇ ਮੇਰੇ ਹੱਥ ਸਿਰਫ਼ ਇੱਕ ਦਸਤਾਵੇਜ਼ ਲੱਗਿਆ ਜਿਸਦੇ ਆਧਾਰ ਤੇ ਹਾਰਵੀ ਨੇ ਆਪਣਾ ਫੈਸਲਾ ਨਿਰਧਾਰਿਤ ਕੀਤਾ"।

2013 ਦੀ ਕੌਂਸਲ ਨੂੰ ਦਿੱਤੀ ਗਈ ਰਿਪੋਰਟ ਵਿੱਚ ਮਿਸਟਰ ਹਾਰਵੀ ਵੱਲੋਂ ਜਿਸ ਦਸਤਾਵੇਜ਼ ਦੀ ਗੱਲ ਕੀਤੀ ਗਈ ਹੈ ," ਸਿਰਫ਼ ਜਾਣਕਾਰੀ ਲਈ ," ਉਹ ਕੌਂਸਲਰ ਈਨ ਪੈਟਨ ਅਤੇ ਸਕਾਟ ਹੈਮਿਲਟਨ ਨੇ ਲਿਖੀ ਸੀ। ਇਹ ਦਸਤਾਵੇਜ਼ ਖੇਤੀਬਾੜੀ ਸਲਾਹਕਾਰੀ ਕਮੇਟੀ ਨੇ ਦਿੱਤਾ ਸੀ ਅਤੇ ਇਸ ਕਮੇਟੀ ਕੋਲ ਕੌਂਸਲ ਨੂੰ ਆਦੇਸ਼ ਦੇਣ ਦੀ ਪਾਵਰ ਨਹੀਂ ਸੀ। 2013 ਦੀ ਇਸ ਰਿਪੋਰਟ ਵਿੱਚ ਖੇਤੀਬਾੜੀ ਸੰਬੰਧਿਤ ਨੀਤੀਆਂ 'ਤੇ ਕਿਸਾਨਾਂ ਦੀਆਂ ਚਿੰਤਾਵਾਂ ਸ਼ਾਮਲ ਸਨ ਅਤੇ ਇਸਨੂੰ ਕੌਂਸਲ ਦੇ ਸਾਹਮਣੇ ਰੱਖਿਆ ਗਿਆ ਸੀ ਪਰ ਕੋਈ ਐਕਸ਼ਨ ਜਾਂ ਨਿਰਦੇਸ਼ ਦੇਣ ਦਾ ਸੁਝਾਅ ਨਹੀਂ ਸੀ।

ਮਿਸਟਰ ਹਾਰਵੀ ਨੇ ਡੈਲਟਾ ਔਪਟੀਮਿਸਟ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ "ਜਨਤਕ ਰਿਕਾਰਡਾਂ ਵਿੱਚ ਸਾਫ ਹੈ ਕਿ ਮੈਨੂੰ ਸਿਟੀ ਕੌਂਸਲ ਤੋਂ ਆਦੇਸ਼ ਮਿਲੇ ਸਨ ਅਤੇ ਸਿਟੀ ਮੈਨੇਜਰ ਦੀ ਹੈਸੀਅਤ ਨਾਲ ਮੈਨੂੰ ਇਹਨਾਂ ਆਦੇਸ਼ਾਂ ਦੀ ਪਾਲਣਾ ਕਰਨੀ ਪੈਣੀ ਸੀ ਅਤੇ ਮੈਂ ਕੀਤੀ" । ਇਸ ਇੰਟਰਵਿਊ ਤੋਂ ਬਾਦ ਡੈਲਟਾ ਵਿੱਚ ਇੱਕ ਮੈਟਰੋ ਵੈਨਕੂਵਰ ਮੈਮੋਰੈਂਡਮ ਸਰਕੂਲਰ ਕੀਤਾ ਗਿਆ ਜਿਸ ਦੀ ਤਾਰੀਖ 29 ਮਾਰਚ 2013 ਸੀ।
ਕਲ ਰਾਤ ਦੀ ਡੈਲਟਾ ਕੌਂਸਲ ਮੀਟਿੰਗ ਵਿੱਚ ਮੈਟਰੋ ਵੈਨਕੂਵਰ ਦੇ ਮੀਮੋ ਨੂੰ ਜਨਤਕ ਕੀਤਾ ਗਿਆ ,ਇਹ ਮੀਮੋ ਰੀਜਨਲ ਡਿਸਟ੍ਰਿਕਟ ਇਨਵਾਇਰਮੈਂਟਲ ਅਤੇ ਰੈਗੂਲੇਟਰੀ ਇਨਫੋਰਸਮੈਂਟ ਮੈਨੇਜਰ ਰੇਅ ਰੌਬ ਦੁਆਰਾ ਲਿਖਿਆ ਗਿਆ ਸੀ।

‘‘ਸੱਚਾਈ ਨੂੰ ਲੱਭਣ ਤੋਂ ਇਲਾਵਾ ਇਹ ਕੁਝ ਹੋਰ ਨਹੀਂ’, ਕੈਂਪਬੈੱਲ ਨੇ ਕਿਹਾ , ‘‘ਉਹ ਸਬੂਤ ਕਿੱਥੇ ਹੈ ਕਿ ਡੈਲਟਾ ਕੌਂਸਲ ਇਨਵਾਇਰੋ-ਸਮਾਰਟ ਕੰਪੋਸਟਿੰਗ ਪਲਾਂਟ ਦੇ ਸੰਬੰਧ ਵਿੱਚ ਏਅਰ ਕੁਆਲਟੀ ਪਰਮਿਟ ਅਤੇ ਜਨਤਾ ਤੋਂ ਫੀਡਬੈਕ ਦੇ ਖਿਲਾਫ ਸੀ? ਮਿਸਟਰ ਹਾਰਵੀ ਨੂੰ ਇਸਦਾ ਜਵਾਬ ਜਲਦੀ ਦੇਣਾ ਚਾਹੀਦਾ ਹੈ। ਇਨਵਾਇਰੋ -ਸਮਾਟਰ ਕੰਪੋਸਟਿੰਗ ਫੈਸਲਿਟੀ ਤੋਂ ਨਿਕਲ ਰਹੀ ਬਦਬੂ ਦਾ ਸਾਹਮਣਾ ਲੈਡਨਰ ਦੇ ਨਿਵਾਸੀ ਪਿਛਲੇ ਕਈ ਸਾਲਾਂ ਤੋਂ ਕਰ ਰਹੇ ਹਨ।ਇਹ ਮੁੱਦਾ ਡੈਲਟਾ ਵਿੱਚ ਹੋ ਰਹੀਆਂ ਮਿਊਂਸੀਪਲ  ਚੋਣਾਂ ਵਿੱਚ ਵਿਵਾਦ ਬਣ ਕੇ ਸਾਹਮਣੇ ਆਇਆ ਹੈ।

ਟੀਮ ਡੈਲਟਾ ਸਲੇਟ ਦੇ ਅਧੀਨ ਕੈਂਪਬੈੱਲ ਕੌਂਸਲਰ ਦੇ ਲਈ ਦੁਬਾਰਾ ਚੋਣ ਲੜ੍ਹ ਰਹੇ ਹਨ।ਟੀਮ ਡੈਲਟਾ ਦੀ ਮੇਅਰਲ ਉਮੀਦਵਾਰ ਦੋ ਟਰਮਾਂ ਤੋਂ ਕੌਂਸਲਰ ਸਿਲਵੀਆ ਬਿਸ਼ਪ ਹੈ।

ਸੰਪਰਕ ਕਰੋ:
ਰਾਬਰਟ ਕੈਂਪਬੈੱਲ, ਕੌਂਸਲਰ
604-948-0623
teamdeltamedia@gmail.com